# ਮੱਧ-ਪੂਰਬ ਵਿਚ ਅਮਰੀਕਨ ਜਮਹੂਰੀਅਤ

ਅਮਰੀਕਾ ਦੀ ਵਿਦੇਸ਼ ਸਕੱਤਰ ਕੌਂਡੋਲੀਜ਼ਾ ਰਾਈਸ ਅੱਜ ਕਲ ਮੱਧ-ਪੂਰਬ ਦੇ ਦੌਰੇ ਤੇ ਹੈ। ਮਿਸਰ ਦੇ ਆਪਣੇ ਦੌਰੇ ਦੌਰਾਨ ਉਹਨੇ ਕਿਹਾ ਕਿ ਪਿਛਲੇ 60 ਸਾਲਾਂ ਵਿਚ ਉਹਦੇ ਮੁਲਕ ਨੇ ਜਮਹੂਰੀਅਤ ਦੀ ਥਾਂ ਸਥਿਰਤਾ ਨੂੰ ਤਰਜੀਹ ਦਿਤੀ ਸੀ ਪਰ ਮੱਧ-ਪੂਰਬ ਵਿਚ ਨਾ ਸਥਿਰਤਾ ਹੀ ਕਾਇਮ ਹੋ ਸਕੀ ਅਤੇ ਨਾ ਹੀ ਜਮਹੂਰੀਅਤ। ਇਸ ਲਈ ਹੁਣ ਅਮਰੀਕਾ ਦੀ ਨੀਤੀ ਮੱਧ-ਪੂਰਬ ਦੇ ਸਾਰੇ ਹੀ ਮੁਲਕਾਂ ਵਿਚ ਜਮਹੂਰੀ ਸੁਧਾਰਾਂ ਅਤੇ ਜਮਹੂਰੀਅਤ ਦਾ ਬੂਟਾ ਲਾਉਣਾ ਅਤੇ ਪਾਲਣਾ ਹੈ। ਕੌਂਡੋਲੀਜ਼ਾ ਰਾਈਸ ਨੇ ਕੁਝ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨਾਲ ਵੀ ਮੁਲਾਕਾਤ ਕੀਤੀ। ਉਸਨੇ ਇਹ ਵੀ ਕਿਹਾ ਕਿ ਮਿਸਰ ਵਿਚ ਅਤੇ ਹੋਰਨਾਂ ਮੁਲਕਾਂ ਵਿਚ ਚੋਣਾਂ ਆਜ਼ਾਦ ਤਰੀਕੇ ਨਾਲ ਅਤੇ ਬਗੈਰ ਕਿਸੇ ਜ਼ੋਰ ਅਤੇ ਡਰ ਦੇ ਹੋਣੀਆਂ ਚਾਹੀਦੀਆਂ ਹਨ। ਉਸਨੇ ਕਿਹਾ ਕਿ ਹੁਣ ਅਮਰੀਕਨ ਪ੍ਰਧਾਨ ਬੁਸ਼ ਦੀ ਅਤੇ ਤਮਾਮ ਅਮਰੀਕਨ ਪ੍ਰਸ਼ਾਸਨ ਦੀ ਇਹ ਰਾਏ ਹੈ ਕਿ ਮੱਧ-ਪੂਰਬ ਦੇ ਸਾਰੇ ਹੀ ਮੁਲਕਾਂ ਵਿਚ ਜਮਹੂਰੀਅਤ ਦਾ ਬੋਲਬਾਲਾ ਹੋਵੇ। ਕੌਂਡੋਲੀਜ਼ਾ ਰਾਈਸ ਖ਼ਿਲਾਫ਼ ਸਾਰੇ ਹੀ ਮੁਲਕਾਂ ਵਿਚ ਲੋਕਾਂ ਨੇ ਮੁਜ਼ਾਹਰੇ ਵੀ ਕੀਤੇ ਹਨ।

ਮੀਡੀਆ ਵਾਲੇ ਅਤੇ ਹੋਰ ਸਿਆਸੀ ਪੰਡਿਤ ਕਿਆਸ ਲਾ ਰਹੇ ਹਨ ਕਿ ਮੱਧ-ਪੂਰਬ ਵਿਚ ਆਜ਼ਾਦ ਚੋਣਾਂ ਉਥੋਂ ਦੇ ਮੌਜੂਦਾ ਹਾਕਮਾਂ ਲਈ ਖ਼ਤਰਨਾਕ ਸਾਬਤ ਹੋਣਗੀਆਂ। ਕਿਉਂਕਿ ਇਹ ਹਾਕਮ ਜ਼ਿਆਦਾਤਰ ਅਮਰੀਕਾ ਵਲੋਂ ਹੀ ਲੋਕਾਂ ਤੇ ਥੱਪੇ ਗਏ ਹਨ ਅਤੇ ਅਮਰੀਕਨ ਫੌਜ ਦੀ ਮਦਦ ਨਾਲ ਹੀ ਕਾਇਮ ਹਨ। ਲੋਕਾਂ ਵਿਚ ਇਨ੍ਹਾਂ ਦੀ ਕੋਈ ਹਿਮਾਇਤ ਨਹੀਂ। ਜੇ ਚੋਣਾਂ ਹੋਈਆਂ ਤਾਂ ਵਿਰੋਧੀ ਧਿਰਾਂ ਜਿਹੜੀਆਂ ਕਿ "ਇਸਲਾਮੀ ਮੂਲਵਾਦੀ" ਹਨ ਉਨ੍ਹਾਂ ਦਾ ਚੋਣਾਂ ਜਿਤਣ ਦਾ ਡਰ ਹੈ ਅਤੇ ਇਹ ਤਾਕਤਾਂ ਅਮਰੀਕਾ ਦੇ ਖ਼ਿਲਾਫ਼ ਹਨ। ਇਸ ਲਈ ਅਮਰੀਕਾ ਨੂੰ ਅਤੇ ਮੱਧ-ਪੂਰਬ ਦੇ ਹਾਕਮਾਂ ਨੂੰ ਇਸ ਗੱਲ ਦਾ ਪੂਰਾ ਖ਼ਿਆਲ ਰਖਣਾ ਚਾਹੀਦਾ ਹੈ ਅਤੇ ਜਮਹੂਰੀਅਤ ਦਾ ਅਤੇ ਚੋਣਾਂ ਦਾ ਇਸ ਤਰਾਂ ਬੰਦੋਬਸਤ ਕਰਨਾ ਚਾਹੀਦਾ ਹੈ ਜਿਸ ਨਾਲ ਸਿਰਫ਼ ਨਰਮ ਖਿਆਲੀ ਵਿਰੋਧੀ ਧਿਰਾਂ, ਜਿਨ੍ਹਾਂ ਨੂੰ ਅਮਰੀਕਾ ਪਸੰਦ ਕਰਦਾ ਹੈ, ਹੀ ਚੋਣਾਂ ਵਿਚ ਹਿੱਸਾ ਲੈ ਸਕਣ ਅਤੇ ਚੋਣਾਂ ਜਿਤ ਸਕਣ। ਕੌਂਡੋਲੀਜ਼ਾ ਰਾਈਸ ਨੇ ਇਰਾਕ ਦੀ ਮਿਸਾਲ ਦਿੰਦੇ ਹੋਏ ਕਿਹਾ ਕਿ ਅਮਰੀਕਾ ਸਾਰੇ ਮੱਧ-ਪੂਰਬ ਵਿਚ ਇਰਾਕ ਵਾਂਗ ਹੀ ਜਮਹੂਰੀਅਤ ਦੇਖਣਾ ਚਾਹੁੰਦਾ ਹੈ।

ਕੌਂਡੋਲੀਜ਼ਾ ਰਾਈਸ ਤੋਂ ਪਹਿਲਾਂ ਜਾਰਜ ਬੁਸ਼ ਦੀ ਘਰ ਵਾਲੀ ਵੀ ਮੱਧ-ਪੂਰਬ ਦੇ ਦੌਰੇ ਤੇ ਜਮਹੂਰੀਅਤ ਦਾ ਸੰਦੇਸ਼ ਦੇਣ ਗਈ ਸੀ। ਉਹਦੇ ਵਿਰੋਧ ਵਿਚ ਵੀ ਬਹੁਤ ਮੁਜ਼ਾਹਰੇ ਹੋਏ ਸੀ। ਸਾਰੇ ਅਮਰੀਕਨ ਪ੍ਰਸ਼ਾਸਨ ਦਾ ਪ੍ਰਚਾਰ ਹੁਣ ਇਹ ਹੀ ਹੈ ਕਿ ਮੱਧ-ਪੂਰਬ ਵਿਚ ਜਮਹੂਰੀਅਤ ਬਗੈਰ ਦਹਿਸ਼ਤਗਰਦੀ ਦੇ ਖ਼ਿਲਾਫ਼ ਜੰਗ ਨਹੀਂ ਜਿਤੀ ਜਾ ਸਕਦੀ ਇਸ ਲਈ ਕਿਸੇ ਵੀ ਢੰਗ ਨਾਲ ਮੱਧ-ਪੂਰਬ ਵਿਚ ਜਮਹੂਰੀਅਤ ਲਿਆਉਣਾ ਬਹੁਤ ਹੀ ਜ਼ਰੂਰੀ ਹੈ ਅਤੇ ਉਥੋਂ ਦੇ ਹਾਕਮਾਂ ਨੂੰ ਬਦਲਣਾ ਬਹੁਤ ਹੀ ਜ਼ਰੂਰੀ ਹੈ। ਮੱਧ-ਪੂਰਬ ਦੇ ਸ਼ੇਖ਼ਾਂ ਅਤੇ ਸੁਲਤਾਨਾਂ ਨੂੰ ਸਿਆਸੀ ਸੁਧਾਰਾਂ ਲਈ ਵਾਸ਼ਿੰਗਟਨ ਵਲੋਂ ਹੁਕਮ ਵੀ ਦਿਤੇ ਜਾ ਰਹੇ ਹਨ।

ਇਹ ਗੱਲ ਸਾਫ ਹੈ ਕਿ 21 ਵੀਂ ਸਦੀ ਏਸ਼ੀਆ ਦੀ  ਸਦੀ ਹੈ। ਦੁਨੀਆ ਦਾ ਬਹੁਤਾ ਉਤਪਾਦਨ ਵੀ ਹੁਣ ਏਸ਼ੀਆ ਵਿਚ ਹੋ ਰਿਹਾ ਹੈ ਅਤੇ ਦੁਨੀਆ ਦੀਆਂ ਵੱਡੀਆਂ ਮੰਡੀਆਂ ਵੀ ਏਸ਼ੀਆ ਵਿਚ ਹੀ ਹਨ। ਸੋਵੀਅਤ ਯੂਨੀਅਨ ਦੇ ਟੁੱਟਣ ਨਾਲ ਅਮਰੀਕਾ ਹੀ ਇਕ ਮਹਾਂ-ਸ਼ਕਤੀ ਰਹਿ ਗਿਆ ਹੈ। ਆਪਣੀ ਅਜਾਰੇਦਾਰੀ ਕਾਇਮ ਰਖਣ ਲਈ ਅਮਰੀਕਾ ਨੂੰ ਏਸ਼ੀਆ ਉੱਤੇ ਕੰਟਰੋਲ ਕਰਨਾ ਬਹੁਤ ਹੀ ਜ਼ਰੂਰੀ ਹੈ। ਪਰ ਏਸ਼ੀਆ ਵਿਚ ਅਮਰੀਕਨ ਸਾਮਰਾਜ ਦੇ ਖ਼ਿਲਾਫ਼, ਖ਼ਾਸ ਕਰ ਮੱਧ ਪੂਰਬ ਵਿਚ, ਬਹੁਤ ਹੀ ਜ਼ਿਆਦਾ ਉਭਾਰ ਹੈ। ਭਾਵੇਂ ਫ਼ਲਸਤੀਨੀਆਂ ਦੇ ਹੱਕਾਂ ਦਾ ਮਸਲਾ ਹੋਵੇ ਜਾਂ ਅਰਬ ਮੁਲਕਾਂ ਵਿਚ ਲੋਕ ਵਿਰੋਧੀ ਨਿਜ਼ਾਮਾਂ ਦਾ ਮਸਲਾ ਹੋਵੇ, ਅਮਰੀਕਾ ਦੇ ਖ਼ਿਲਾਫ਼ ਲੋਕਾਂ ਵਿਚ ਬਹੁਤ ਹੀ ਗੁਸਾ ਅਤੇ ਉਭਾਰ ਹੈ। ਇਰਾਕ ਉੱਤੇ ਹਮਲੇ ਅਤੇ ਅਮਰੀਕਨ ਕਬਜ਼ੇ ਨਾਲ ਇਹ ਰੋਹ ਹੋਰ ਵੀ ਵੱਧ ਗਿਆ ਹੈ।

ਲੋਕਾਂ ਨੂੰ ਗੁਮਰਾਹ ਕਰਨ ਲਈ ਅਮਰੀਕਨ ਸਾਮਰਾਜ ਹੁਣ ਮੱਧ-ਪੂਰਬ ਉੱਤੇ ਆਪਣੇ ਕਬਜ਼ੇ ਨੂੰ ਜਮਹੂਰੀ ਬੁਰਕਾ ਪਹਿਨਾਉਣਾ ਚਾਹੁੰਦਾ ਹੈ। ਲੋਕ ਆਪਣੇ ਹੱਕਾਂ ਲਈ ਇਨ੍ਹਾਂ ਮੁਲਕਾਂ ਵਿਚ ਜੱਦੋ-ਜਹਿਦ ਕਰ ਰਹੇ ਹਨ ਜਿਹਨੂੰ ਅਮਰੀਕਨ ਸਾਮਰਾਜ ਗੋਲੀ ਅਤੇ ਬਾਰੂਦ ਨਾਲ ਕੁਚਲਦਾ ਆਇਆ ਹੈ।ਇਸ ਜਬਰ ਅਤੇ ਦਹਿਸ਼ਤ ਨਾਲ ਲੋਕਾਂ ਦਾ ਰੋਹ ਘਟਿਆ ਨਹੀਂ ਹੈ। ਸਾਰੇ ਮੱਧ-ਪੂਰਬ ਵਿਚ ਅਮਰੀਕਨ ਸਾਮਰਾਜ ਖ਼ਿਲਾਫ਼ ਇਕ ਅੱਗ ਧੁਖ ਰਹੀ ਹੈ। ਅਮਰੀਕਾ ਦਾ ਹਰ ਕਦਮ ਇਸ ਧੁਖਦੀ ਅੱਗ ਤੇ ਤੇਲ ਹੀ ਪਾਉਂਦਾ ਰਿਹਾ ਹੈ। ਮੱਧ-ਪੂਰਬ ਦੇ ਲੋਕ ਆਪਣੀ ਜ਼ਿੰਦਗੀ ਦੇ ਫੈਸਲੇ ਬਿਨਾਂ ਅਮਰੀਕਾ ਦੀ ਧੌਂਸ ਦੇ ਆਪ ਕਰਨਾ ਚਾਹੁੰਦੇ ਹਨ। ਉਹ ਆਪਣੀਆਂ ਲੋੜਾਂ ਅਤੇ ਖਿਆਲਾਂ ਮੁਤਾਬਕ ਆਪਣਾ ਸਿਆਸੀ ਅਤੇ ਆਰਥਕ ਨਿਜ਼ਾਮ ਕਾਇਮ ਕਰਨਾ ਚਾਹੁੰਦੇ ਹਨ। ਅਮਰੀਕਨ ਸਾਮਰਾਜ ਨੂੰ ਇਹ ਗੱਲ ਮਨਜ਼ੂਰ ਨਹੀਂ। ਅਮਰੀਕਨ ਸਾਮਰਾਜ ਮੱਧ-ਪੂਰਬ ਦੇ ਕੁਦਰਤੀ ਅਤੇ ਮਨੁੱਖੀ ਸਾਧਨਾਂ ਦੀ ਲੁੱਟ ਬਰਕਰਾਰ ਰਖਣਾ ਚਾਹੁੰਦਾ ਹੈ। ਹਾਲੇ ਤੱਕ ਅਮਰੀਕਾ ਇਹ ਲੁੱਟ ਖਸੁੱਟ ਜਿਸ ਤਰੀਕੇ ਨਾਲ ਕਰਦਾ ਰਿਹਾ ਹੈ ਉਸ ਪੁਰਾਣੇ ਤਰੀਕੇ ਨਾਲ ਚਲਣਾਂ ਹੁਣ ਮੁਸ਼ਕਲ ਬਣਦਾ ਜਾ ਰਿਹਾ ਹੈ। ਲੋਕਾਂ ਦੇ ਉਭਾਰ ਅਤੇ ਬਦਲੇ ਹੋਏ ਹਾਲਾਤ ਕਰਕੇ ਅਮਰੀਕਾ ਹੁਣ ਇਹ ਤਰੀਕਾ ਥੋੜਾ ਜਿਹਾ ਬਦਲਣਾ ਚਾਹੁੰਦਾ ਹੈ ਜਿਸ ਨਾਲ ਲੋਕਾਂ ਦਾ ਰੋਹ ਘੱਟ ਜਾਵੇ।

ਅਮਰੀਕਨ ਸਾਮਰਾਜ ਹੁਣ ਮੱਧ-ਪੂਰਬ ਵਿਚ ਵੀ ਅਮਰੀਕਾ ਅਤੇ ਹਿੰਦੁਸਤਾਨ ਵਰਗੀ ਜਮਹੂਰੀਅਤ ਕਾਇਮ ਕਰਨਾ ਚਾਹੁੰਦਾ ਹੈ, ਜਿਸ ਵਿਚ ਚੋਣਾਂ ਰਾਹੀਂ ਲੋਕਾਂ ਦੀ ਤਾਕਤ ਲੋਕਾਂ ਤੋਂ ਖੋਹ ਲਈ ਜਾਂਦੀ ਹੈ ਅਤੇ ਲੋਟੂ ਲੋਕਾਂ ਦੀ ਲੁੱਟ ਖਸੁੱਟ ਜਾਰੀ ਰਖਦੇ ਹਨ। ਅਮਰੀਕਾ ਨੂੰ ਲਗਦਾ ਹੈ ਕਿ ਮੱਧ-ਪੂਰਬ ਵਿਚ ਵੀ ਇਹ ਬੰਦੋਬਸਤ ਉਨ੍ਹਾਂ ਨੂੰ ਰਾਸ ਆ ਸਕਦਾ ਹੈ, ਕਿਉਂਕਿ ਮੌਜੂਦਾ ਰਾਜ ਪ੍ਰਬੰਧ ਖ਼ਿਲਾਫ਼ ਲੋਕਾਂ ਵਿਚ ਬਹੁਤ ਹੀ ਰੋਹ ਹੈ ਅਤੇ ਇਸ ਨਾਲ  ਅਮਰੀਕਨ ਸਾਮਰਾਜ ਲੋਕਾਂ ਵਿਚ ਇਹ ਭੁਲੇਖੇ ਵੀ  ਖੜੇ ਕਰ ਸਕਦਾ ਹੈ ਕਿ ਅਮਰੀਕਾ ਉਨ੍ਹਾਂ ਦੇ ਹੱਕਾਂ ਦੀ ਹਿਮਾਇਤ ਕਰਦਾ ਹੈ ਅਤੇ ਉਨ੍ਹਾਂ ਦੇ ਹੱਕਾਂ ਲਈ ਪ੍ਰਤੀਬੱਧ ਹੈ।

ਅਮਰੀਕਾ ਦੇ ਝੋਲੀਚੁਕਾਂ ਦੇ ਇਲਾਵਾ ਮੱਧ-ਪੂਰਬ ਵਿਚ ਕੋਈ ਵੀ ਇਸ ਗੱਲ ਦਾ ਯਕੀਨ ਨਹੀਂ ਕਰਦਾ ਕਿ ਅਮਰੀਕਨ ਸਾਮਰਾਜ ਅਤੇ ਕੌਂਡੋਲੀਜ਼ਾ ਰਾਈਸ ਲੋਕਾਂ ਦੇ ਹੱਕਾਂ ਦੇ ਹਮਦਰਦ ਹਨ। ਉਨ੍ਹਾਂ ਦਾ ਤਜਰਬਾ ਦੱਸਦਾ ਹੈ ਕਿ ਅਮਰੀਕਨ ਸਾਮਰਾਜ ਅਤੇ ਇਸ ਦੇ ਝੋਲੀ ਚੱਕ, ਭਾਵੇ ਉਹ ਸ਼ੇਖ ਜਾਂ ਸੁਲਤਾਨ ਹਨ ਜਾਂ ਜਮਹੂਰੀ ਚੋਣਾਂ ਦਾ ਬੁਰਕਾ ਪਾ ਕੇ ਰਖਦੇ ਹਨ, ਲੋਕਾਂ ਦੇ ਹੱਕਾਂ ਦੇ ਦੁਸ਼ਮਣ ਹਨ। ਅਮਰੀਕਨ ਸਾਮਰਾਜ ਇਹ  ਤਬਦੀਲੀਆਂ ਅਤੇ ਚਾਲਬਾਜ਼ੀਆਂ ਆਪਣਾ ਕਬਜ਼ਾ ਬਰਕਰਾਰ ਰਖਣ ਲਈ ਹੀ ਕਰ ਰਿਹਾ ਹੈ ਤੇ ਹੁਣ ਜਮਹੂਰੀਅਤ ਦੀ ਨਕਾਬ ਲਾ ਕੇ ਮੱਧ-ਪੂਰਬ ਦੇ ਲੋਕਾਂ ਨੂੰ ਆਪਣੇ ਘੋਲਾਂ ਤੋਂ ਕੁਰਾਹੇ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਲੋਕਾਂ ਦਾ ਆਪਣਾ ਤਜਰਬਾ ਅਤੇ ਆਪਣਾ ਅਜੰਡਾ ਹੈ। ਉਹ ਆਪਣੀ ਕਿਸਮਤ ਆਪਣੇ ਹੱਥ ਵਿਚ ਲੈਣਾ ਚਾਹੁੰਦੇ ਹਨ ਜੋ ਕਿ ਅਮਰੀਕਨ ਸਾਮਰਾਜ ਦੇ ਹਿੱਤਾਂ ਦੇ ਬਿਲਕੁਲ ਹੀ ਉਲਟ ਹੈ। ਅਮਰੀਕਨ ਸਾਮਰਾਜ ਜਮਹੂਰੀਅਤ ਦੇ ਪਰਦੇ ਹੇਠ ਲੋਕਾਂ ਨੂੰ ਗੁਲਾਮ ਬਣਾਈ ਰਖਣਾ ਚਾਹੁੰਦਾ ਹੈ। ਲੋਕਾਂ ਦੀ ਲੋੜ ਖ਼ੁਦ ਹੀ ਹਾਕਮ ਬਣਨ ਦੀ ਹੈ। ਇਹ ਤਾਰੀਖ਼ੀ ਲੋੜ ਕਿਸੇ ਵੀ ਸਾਜ਼ਿਸ਼ ਅਤੇ ਜਬਰ ਨਾਲ ਦਬਾਈ ਨਹੀਂ ਜਾ ਸਕਦੀ।